Punjabi - Number 33
March 2016

# ਹੈਪੇਟਾਈਟਸ ਏ ਵੈਕਸੀਨ
# Hepatitis A Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਵੈਕਸੀਨ ਸਮੇਂ ਸਿਰ ਦਿਵਾਓ।**

ਸਮੇਂ ਸਿਰ ਵੈਕਸੀਨੇਸ਼ਨ ਕਰਵਾ ਕੇ ਤੁਹਾਡੇ ਬੱਚੇ ਦਾ ਜ਼ਿੰਦਗੀ-ਭਰ ਲਈ ਕਈ ਬਿਮਾਰੀਆਂ ਤੋਂ ਬਚਾਅ ਹੋ ਜਾਂਦਾ ਹੈ।

ਬੀਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

## ਹੈਪੇਟਾਈਟਸ ਏ ਵੈਕਸੀਨ ਕੀ ਹੈ?

ਹੈਪੇਟਾਈਟਸ ਏ ਵੈਕਸੀਨ ਹੈਪੇਟਾਈਟਸ ਏ ਵਾਇਰਸ ਹੋਣ ਕਰਕੇ ਵਿਗਾੜ ਦੇ ਵਿਰੁੱਧ ਰੱਖਿਆ ਕਰਦੀ ਹੈ। ਇਹ ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

## ਹੈਪੇਟਾਈਟਸ ਏ ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਹੈਪੇਟਾਈਟਸ ਏ ਵੈਕਸੀਨ 6 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਨੂੰ 2 ਖੁਰਾਕਾਂ ਦੀ ਲੜੀ ਦੀ ਤਰ੍ਹਾਂ ਦਿੱਤੀ ਜਾਂਦੀ ਹੈ। ਦੂਸਰੀ ਖੁਰਾਕ ਪਹਿਲੀ ਤੋਂ ਘੱਟੋ ਘੱਟ 6 ਮਹੀਨੇ ਬਾਅਦ ਦਿੱਤੀ ਜਾਂਦੀ ਹੈ।

ਪਿਛਲੇ 15 ਸਾਲਾਂ ਦੇ ਦੌਰਾਨ ਬੀ ਸੀ ਵਿੱਚ ਆਦਿਵਾਸੀ (ਅਬੋਰਿਜਨਲ) ਸਮਾਜਾਂ ਵਿੱਚ ਹੈਪੇਟਾਈਟਸ ਏ ਦੀਆਂ ਬਹੁਤ ਸਾਰੀਆਂ ਆਉਟਬ੍ਰੇਕਾਂ ਹੋਈਆਂ ਹਨ, ਇਸ ਕਰਕੇ 1 ਜਨਵਰੀ, 2012 ਤੋਂ ਰੀਜ਼ਰਵ ਤੇ ਅਤੇ ਰੀਜ਼ਰਵ ਤੋਂ ਦੂਰ ਰਹਿਣ ਵਾਲੇ ਆਦਿਵਾਸੀ (ਅਬੋਰਿਜਨਲ) ਬੱਚਿਆਂ ਲਈ ਹੈਪੇਟਾਈਟਸ ਏ ਵੈਕਸੀਨ ਪੇਸ਼ ਕੀਤੀ ਜਾ ਰਹੀ ਹੈ।

ਹੈਪੇਟਾਈਟਸ ਏ ਵੈਕਸੀਨ ਵਿਗਾੜ ਹੋਣ ਦੇ ਜਿਆਦਾ ਖਤਰੇ ਵਾਲੇ ਲੋਕਾਂ ਨੂੰ ਮੁਫਤ ਦਿੱਤੀ ਜਾਂਦੀ ਹੈ ਜਿਸ ਵਿੱਚ ਸ਼ਾਮਲ ਹਨ:

- ਉਹ ਲੋਕ ਜਿੰਨਾਂ ਨੂੰ ਹੀਮੋਫੀਲੀਆ ਹੈ ਜਾਂ ਜਿੰਨਾਂ ਨੂੰ ਵਾਰ ਵਾਰ ਖੂਨ ਜਾਂ ਖੂਨ ਦੇ ਬਣੇ ਪਦਾਰਥ ਦਿੱਤੇ ਗਏ ਹਨ;
- ਉਹ ਲੋਕ ਜੋ ਟੀਕਿਆਂ ਰਾਹੀਂ ਗੈਰਕਾਨੂੰਨੀ ਨਸ਼ੇ ਲੈਂਦੇ ਹਨ ਜਾਂ ਫੂੰਕਾਰ ਕੇ ਡਰੱਗ ਲੈਣ, ਪੀਣ ਵਾਲਾ ਜਾਂ ਟੀਕੇ ਲਗਾਉਣ ਵਾਲਾ ਸਮਾਨ ਸਾਂਝਾ ਕਰਦੇ ਹਨ;
- ਉਹ ਪੁਰਸ਼ ਜਿਹੜੇ ਦੂਸਰੇ ਪੁਰਸ਼ਾਂ ਦੇ ਨਾਲ ਸੰਭੋਗ ਕਰਦੇ ਹਨ;
- ਉਹ ਲੋਕ ਜਿੰਨਾਂ ਨੂੰ ਐਚ ਆਈ ਵੀ, ਹੈਪੇਟਾਈਟਸ ਬੀ ਜਾਂ ਹੈਪੇਟਾਈਟਸ ਸੀ ਵਿਗਾੜ, ਜਾਂ ਜਿਗਰ ਦੀ ਚਿਰਕਾਲੀ ਬੀਮਾਰੀ ਹੈ;
- ਉਹ ਲੋਕ ਜਿੰਨਾਂ ਦੇ ਸਟੈਮ ਸੈਲ ਬਦਲੇ ਗਏ ਹਨ ;
- ਉਹ ਜਿੰਨਾਂ ਦਾ ਗੁਰਦਾ ਬਦਲਿਆ ਜਾਏਗਾ ਜਾਂ ਬਦਲਿਆ ਗਿਆ ਹੈ;
- ਸੁਧਾਰਕ ਸਹੂਲਤ (ਜੇਲ) ਦੇ ਨਿਵਾਸੀ ;
- ਉਹ ਲੋਕ ਜਿਹੜੇ ਹੈਪੇਟਾਈਟਸ ਏ ਵਾਇਰਸ ਨਾਲ ਗ੍ਰਸਤ ਵਿਅਕਤੀਆਂ ਦੇ ਨਾਲ ਨਜਦੀਕੀ ਸੰਪਰਕ ਵਿੱਚ ਹਨ- ਜਿਵੇਂ ਕਿ ਇੱਕੋ ਘਰ ਵਿੱਚ ਰਹਿਣ ਵਾਲੇ ਲੋਕ, ਲਿੰਗੀ ਸਾਥੀ, ਨਜਦੀਕੀ ਦੋਸਤ, ਅਤੇ ਇੱਕੋ ਡੇਕੇਅਰ ਵਿਚਲੇ ਬੱਚੇ;
- ਉਹ ਜਿੰਨਾਂ ਨੇ ਹੈਪੇਟਾਈਟਸ ਏ ਵਿਗਾੜ ਗ੍ਰਸਤ ਖਾਣਾ ਬਣਾਉਣ ਵਾਲੇ ਦੁਆਰਾ ਬਣਾਇਆ ਹੋਇਆ ਖਾਣਾ ਖਾਧਾ ਹੈ; ਅਤੇ
- 6 ਮਹੀਨਿਆਂ ਤੋਂ 18 ਸਾਲ ਦੀ ਉਮਰ ਤੱਕ ਦੇ ਆਦਿਵਾਸੀ (ਅਬੋਰਿਜਨਲ) ਬੱਚੇ ਅਤੇ ਕਿਸ਼ੋਰ। ਛੋਟੇ ਬੱਚਿਆਂ ਨੂੰ ਉਨ੍ਹਾਂ ਦੀ ਪਹਿਲੀ ਖੁਰਾਕ 6 ਮਹੀਨੇ ਦੀ ਉਮਰ ਤੇ ਦਿੱਤੀ ਜਾਂਦੀ ਹੈ ਅਤੇ ਦੂਸਰੀ ਖੁਰਾਕ 18 ਮਹੀਨੇ ਤੇ। ਵੱਡੇ ਬੱਚਿਆਂ ਨੂੰ ਵੈਕਸੀਨਾਂ ਦੀਆਂ 2 ਖੁਰਾਕਾਂ ਦੀ ਲੋੜ ਹੁੰਦੀ ਹੈ ਦੋਨਾਂ ਖੁਰਾਕਾਂ ਦੇ ਵਿੱਚ ਘੱਟੋ ਘੱਟ 6 ਮਹੀਨਿਆਂ ਦੇ ਨਾਲ।

ਜੇ ਇਹ ਸੰਭਾਵਨਾ ਹੈ ਕਿ ਤੁਹਾਡਾ ਸੰਪਰਕ ਹੈਪੇਟਾਈਟਸ ਏ ਦੇ ਨਾਲ ਹੋਇਆ ਹੈ,ਤਾਂ ਤੁਹਾਨੂੰ ਬੀਮਾਰੀ ਨੂੰ ਰੋਕਣ ਲਈ ਸੰਪਰਕ ਦੇ 14 ਦਿਨ ਦੇ ਅੰਦਰ ਵੈਕਸੀਨ ਦੀ 1 ਖੁਰਾਕ ਲੈਣੀ ਚਾਹੀਦੀ ਹੈ।ਇਹ ਮੁਫਤ ਦਿੱਤੀ ਜਾਂਦੀ ਹੈ।

ਇਸ ਵੈਕਸੀਨ ਦੀ ਸਿਫਾਰਸ਼, ਅਜਿਹੇ ਲੋਕਾਂ ਲਈ ਵੀ ਕੀਤੀ ਜਾਂਦੀ ਹੈ, ਪਰ ਉਨ੍ਹਾਂ ਨੂੰ ਮੁਫਤ ਦਿੱਤੀ ਨਹੀਂ ਜਾਂਦੀ ਹੈ, ਜਿੰਨਾਂ ਦੀ ਹੈਪੇਟਾਈਟਸ ਏ ਦੇ ਨਾਲ ਸੰਪਰਕ ਵਿੱਚ ਆਉਣ ਦੀ ਜਾਂ ਉਸ ਨੂੰ ਫੈਲਾਉਣ ਦੀ ਸੰਭਾਵਨਾ ਹੈ, ਜਿਸ ਵਿੱਚ ਸ਼ਾਮਲ ਹਨ:

- ਉਹ ਲੋਕ ਜਿਹੜੇ ਵਿਕਸਤ ਹੋ ਰਹੇ ਦੇਸ਼ਾਂ ਵਿੱਚ ਰਹਿ, ਕੰਮ ਕਰ ਰਹੇ ਜਾਂ ਸਫਰ ਕਰ ਰਹੇ ਹਨ, ਖਾਸ ਕਰਕੇ ਦਿਹਾਤੀ ਖੇਤਰਾਂ ਵਿੱਚ;
- ਭੋਜਨ ਨਾਲ ਕੰਮ ਕਰਨ ਵਾਲੇ;
- ਉਹ ਲੋਕ ਜਿੰਨਾਂ ਦੇ ਕਈ ਸਾਰੇ ਲਿੰਗੀ ਸਾਥੀ ਹਨ;
- ਵਿਕਾਸ ਸੰਬੰਧੀ ਚੁਨੌਤੀਆਂ ਵਾਲੇ ਲੋਕਾਂ ਦੀਆਂ ਸੰਸਥਾਵਾਂ ਦੇ ਨਿਵਾਸੀ ਅਤੇ ਸਟਾਫ ਜਿੰਨਾਂ ਦੀ ਹੈਪੇਟਾਈਟਸ ਏ ਦੇ ਵਿਗਾੜ ਦੇ ਨਾਲ ਨਿਰੰਤਰ ਚੱਲਣ ਵਾਲੀ ਸਮੱਸਿਆ ਹੈ;
- ਪ੍ਰਾਈਮੇਟਾਂ (primates) ਦੇ ਨਾਲ ਕੰਮ ਕਰਨ ਵਾਲੇ ਜ਼ੂ-ਕੀਪਰ, ਜਾਨਵਰਾਂ ਦੇ ਡਾਕਟਰ ਅਤੇ ਖੋਜ ਕਰਨ ਵਾਲੇ; ਅਤੇ
- ਉਹ ਲੋਕ ਜਿਹੜੇ ਹੈਪੇਟਾਈਟਸ ਏ ਸੰਬੰਧੀ ਖੋਜ ਜਾਂ ਹੈਪੇਟਾਈਟਸ ਏ ਵੈਕਸੀਨ ਦੇ ਉਤਪਾਦਨ ਵਿੱਚ ਸ਼ਾਮਲ ਹਨ।

ਬਿਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## ਹੈਪੇਟਾਈਟਸ ਏ ਵੈਕਸੀਨ ਦੇ ਕੀ ਲਾਭ ਹਨ?

ਵੈਕਸੀਨ ਹੈਪੇਟਾਈਟਸ ਏ ਦੇ ਵਿਗਾੜ ਦੇ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਜਦੋਂ ਤੁਸੀਂ ਬੀਮਾਰੀਆਂ ਤੋਂ ਬਚਾਉਣ ਲਈ ਟੀਕੇ ਲਗਵਾਉਂਦੇ ਹੋ ਤਾਂ, ਤੁਸੀਂ ਦੂਜਿਆਂ ਦੀ ਰੱਖਿਆ ਕਰਨ

ਵਿੱਚ ਵੀ ਮਦਦ ਕਰਦੇ ਹੋ।

## ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਹੈਪੇਟਾਈਟਸ ਏ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹੋ ਸਕਦੇ ਹਨ। ਸਿਰਦਰਦ, ਥਕੇਵਾਂ, ਬੁਖਾਰ ਅਤੇ ਪੇਟ ਦਾ ਖਰਾਬ ਹੋਣਾ ਵੀ ਵਾਪਰ ਸਕਦਾ ਹੈ। ਇਹ ਪ੍ਰਤੀਕ੍ਰਿਆਵਾਂ ਹਲਕੀਆਂ ਹੁੰਦੀਆਂ ਅਤੇ ਆਮਤੌਰ ਤੇ 1 ਤੋਂ 2 ਦਿਨ ਤੱਕ ਰਹਿੰਦੀਆਂ ਹਨ।

ਅਸੀਟਾਮੇਨੋਫੇਨ (Acetaminophen) (ਉਦਹਾਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ(ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

* 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰਾਈ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲੀਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹੈ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ। ਜੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਜੇ ਤੁਹਾਨੂੰ ਪਹਿਲਾਂ ਲਈ ਗਈ ਹੈਪੇਟਾਈਟਸ ਏ ਵੈਕਸੀਨ ਦੀ ਖੁਰਾਕ, ਜਾਂ ਨਿਓਮਾਈਸਿੰਨ ਜਾਂ ਲੇਟੈਕਸ ਸਮੇਤ ਵੈਕਸੀਨ ਦੇ ਕਿਸੇ ਵੀ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਹੋਈ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ। ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬੀਮਾਰੀ ਕਰਕੇ ਬੀਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ।

## ਹੈਪੇਟਾਈਟਸ ਏ ਕੀ ਹੈ?

ਹੈਪੇਟਾਈਟਸ ਏ ਇਕ ਅਜਿਹਾ ਵਾਇਰਸ ਹੈ ਜੋ ਜਿਗਰ ਤੇ ਹਮਲਾ ਕਰਦਾ ਹੈ। ਹੈਪੇਟਾਈਟਸ ਏ ਦੇ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ ਥਕੇਵਾਂ, ਬੁਖਾਰ, ਮਤਲੀ ਅਤੇ ਉਲਟੀਆਂ, ਭੁੱਖ ਨਾ ਲਗਣਾ, ਪੇਟ ਦਰਦ,ਗੂੜ੍ਹਾ ਪੇਸ਼ਾਬ, ਫਿੱਕੀਆਂ ਟੱਟੀਆਂ ਅਤੇ ਪੀਲੀਆ (ਚਮੜੀ ਅਤੇ ਅੱਖਾਂ ਦਾ ਪੀਲਾ ਪੈਣਾ)। ਸੰਭਵ ਹੈ ਕਿ ਕਈ ਲੋਕਾਂ, ਖਾਸ ਕਰਕੇ ਛੋਟੇ ਬੱਚਿਆਂ ਵਿੱਚ, ਕੋਈ ਵੀ ਲੱਛਣ ਨਾ ਹੋਣ। ਵਿਗਾੜ ਗ੍ਰਸਤ ਹੋਣ ਵਾਲੇ ਹਰੇਕ 1,000 ਲੋਕਾਂ ਵਿੱਚੋਂ, 1 ਤੋਂ 3 ਦੀ ਮੌਤ ਹੋ ਜਾਏਗੀ। ਹੈਪੇਟਾਈਟਸ ਏ ਵਿਗਾੜ ਕਰਕੇ ਮੌਤ ਦਾ ਜੋਖਮ 50 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਜਿਆਦਾ ਹੈ।

## ਹੈਪੇਟਾਈਟਸ ਏ ਕਿਸ ਤਰ੍ਹਾਂ ਫੈਲਦਾ ਹੈ?

ਹੈਪੇਟਾਈਟਸ ਏ ਵਾਇਰਸ ਵਿਗਾੜ ਗ੍ਰਸਤ ਵਿਅਕਤੀਆਂ ਦੀ ਆਂਤੜੀਆਂ ਦੀ ਹਰਕਤ (ਟੱਟੀ) ਪਾਇਆ ਜਾਂਦਾ ਹੈ। ਹੈਪੇਟਾਈਟਸ ਏ ਵਿਗਾੜ ਵਾਲੇ ਲੋਕ ਜੋ ਚੰਗੀ ਤਰ੍ਹਾਂ ਹੱਥ ਧੋਏ ਬਿਨਾਂ ਬਾਥਰੂਮ ਵਰਤਦੇ ਹਨ ਵਾਇਰਸ ਨੂੰ ਭੋਜਨ ਬਣਾਉਣ ਜਾਂ ਦੂਸਰੇ ਹੱਥ ਤੋਂ ਮੂੰਹ ਤੱਕ ਦੇ ਸੰਪਰਕ ਰਾਹੀਂ ਦੂਸਰਿਆਂ ਤੱਕ ਫੈਲਾ ਸਕਦੇ ਹਨ। ਇਹ ਬੀਮਾਰੀ ਲਿੰਗੀ ਸੰਪਰਕ ਜਾਂ ਗੈਰਕਾਨੂੰਨੀ ਨਸ਼ੇ ਵਰਤਣ ਲਈ ਵਰਤੇ ਗਏ ਸਮਾਨ ਜਿਵੇਂ ਕਿ ਸੂਈਆਂ ਜਾਂ ਨਲੀਆਂ ਨੂੰ ਸਾਂਝਾ ਕਰਨ ਨਾਲ ਵੀ ਫੈਲ ਸਕਦੀ ਹੈ।

ਹੈਪੇਟਾਈਟਸ ਏ ਦੂਸ਼ਿਤ ਪਾਣੀ ਪੀਣ, ਜਾਂ ਕੱਚੀ ਜਾਂ ਠੀਕ ਤਰ੍ਹਾਂ ਨਾ ਪਕਾਈ ਗਈ ਗੰਦ ਮੰਦ ਨਾਲ ਦੂਸ਼ਿਤ ਸ਼ੈੱਲਫਿਸ਼, ਜਿਵੇਂ ਕੇ ਕੇਕੜੇ, ਘੋਗਾ (clam), ਸਿੱਪਾਂ (oysters) ਜਾਂ ਮਸਲਜ਼ (mussels) ਨੂੰ ਖਾਣ ਨਾਲ ਵੀ ਫੈਲ ਸਕਦਾ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ,ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ।

ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ

https://immunizebc.ca/. ਦੇਖੋ।